ਸਵਤੰਤਰਤਾ ਦਿਵਸ ਦੀਆਂ ਲੱਖ ਲੱਖ ਵਧਾਈਆਂ

# ਨਿਰਮਲ ਜਲ

ਪੱਤ੍ਰਿਕਾ (ਤਿਮਾਹੀ)

ਸੰਪਾਦਕ: ਇੰਜ. ਪੀ.ਆਰ. ਸ਼ਰਮਾ | ਅਗਸਤ-ਅਕਤੂਬਰ 2010 | ਸਾਲ : ਪਹਿਲਾ | ਅੰਕ: 3

## ਸੰਦੇਸ਼



ਮੈਨੂੰ ਇਹ ਦੱਸਦੇ ਹੋਏ ਬੇਹੱਦ ਖੁਸ਼ੀ ਹੋ ਰਹੀ ਹੈ ਕਿ ਵਿਸ਼ਵ ਬੈਂਕ ਤਹਿਤ ਜੋ ਪੰਜਾਬ ਪੇਂਡੂ ਜਲ ਸਪਲਾਈ ਸੈਨੀਟੇਸ਼ਨ ਪ੍ਰੋਜੈਕਟ ਜਲ ਸਪਲਾਈ ਮਹਿਕਮੇ ਵੱਲੋਂ ਸੈਕਟਰ ਵਾਈਡ ਅਪਰੋਚ **(SWAp)** ਤਹਿਤ ਚਲਾਇਆ ਜਾ ਰਿਹਾ ਹੈ, ਉਸ ਅਧੀਨ 30 ਜੂਨ 2010 ਤੱਕ, 176 ਸਕੀਮਾਂ ਨੂੰ ਲੋਕਾਂ ਦੀ ਸਮੂਲੀਅਤ ਅਤੇ ਭਾਗੀਦਾਰੀ ਨਾਲ ਯਕੀਨੀ ਬਣਾ ਕੇ ਪਿੰਡਾਂ ਦੀਆਂ ਕਮੇਟੀਆਂ ਨੂੰ ਸੌਂਪ ਦਿੱਤਾ ਗਿਆ ਹੈ। ਇਨ੍ਹਾਂ ਸਾਰੀਆਂ ਸਕੀਮਾਂ ਵਿੱਚ ਪਿੰਡਾਂ ਦੀਆਂ ਕਮੇਟੀਆਂ ਵੱਲੋਂ 33,937 ਘਰਾਂ (64 ਪ੍ਰਤੀਸ਼ਤ) ਨੂੰ ਸ਼ੁੱਧ ਪਾਣੀ ਦੇ ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ ਅਤੇ ਹਰ ਘਰ ਵਿੱਚ 70 ਲੀਟਰ ਪ੍ਰਤੀ ਜੀਅ ਪ੍ਰਤੀ ਦਿਨ ਪਾਣੀ ਦੀ ਸਪਲਾਈ ਦਿੱਤੀ ਜਾ ਰਹੀ ਹੈ। ਇਥੇ ਮੈਂ ਇਹ ਦੱਸਣਾਂ ਚਾਹੁੰਦਾ ਹਾਂ ਕਿ ਵਿਭਾਗ ਨੇ ਸਾਲ 2008-09 ਦੌਰਾਨ ਲਾਗੂ 45 ਸਕੀਮਾਂ ਦੀ ਤੁਲਨਾ ਵਿੱਚ, ਸਾਲ 2009-10 ਦੌਰਾਨ 100 ਸਕੀਮਾਂ ਲਾਗੂ ਕਰਕੇ, 225 ਪ੍ਰਤੀਸ਼ਤ ਜਿਆਦਾ ਸਫ਼ਲਤਾ ਹਾਸਲ ਕੀਤੀ ਹੈ। ਵਿਸ਼ਵ ਬੈਂਕ ਦੇ ਪ੍ਰੋਜੈਕਟ ਦੀ ਸਫ਼ਲਤਾ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਜੁਲਾਈ 2010 ਤੋਂ ਬਣਨ ਵਾਲੀਆਂ ਸਾਰੀਆਂ ਜਲ ਸਲਪਾਈ ਸਕੀਮਾਂ ਦੀ ਯੋਜਨਾਂਬੰਦੀ ਅਤੇ ਉਸਾਰੀ ਸਵੈਪ ਰਾਹੀਂ ਹੋਵੇਗੀ। ਇਸ ਦਾ ਭਾਵ ਹੈ ਕਿ ਜਲ ਸਪਲਾਈ ਸਕੀਮਾਂ ਦੀ ਪਲੈਨਿੰਗ, ਉਸਾਰੀ ਅਤੇ ਸਾਂਭ-ਸੰਭਾਲ ਪਿੰਡ ਵਾਸੀਆਂ ਦੀ ਸਮੂਲੀਅਤ ਨਾਲ ਕੀਤੀ ਜਾਵੇਗੀ ਅਤੇ ਇਨ੍ਹਾਂ ਸਕੀਮਾਂ ਦਾ ਵਿਕੇਂਦਰੀਕਰਨ ਪਿੰਡ ਪੱਧਰ ਤੇ ਹੀ ਕੀਤਾ ਜਾਵੇਗਾ। ਸਕੀਮਾਂ ਵਿੱਚ ਪਾਰਦਰਸ਼ਤਾ ਲਿਆਉਣ ਲਈ ਅਤੇ ਕੁਆਲਟੀ ਕੰਟਰੋਲ ਨੂੰ ਧਿਆਨ ਵਿੱਚ ਰਖਦੇ ਹੋਏ, ਸਕੀਮਾਂ ਦੇ ਡਿਜ਼ਾਇਨ, ਸਪੈਸੀਫਿਕੇਸ਼ਨਾਂ, ਮਟੀਰੀਅਲ ਦੀ ਕੁਆਲਟੀ, ਖ਼ਰੀਦ ਦੇ ਨੁਕਤੇ ਆਦਿ ਇੱਕ ਹੀ ਤਰ੍ਹਾਂ ਦੇ ਹੋਣਗੇ ਅਤੇ ਪਿੰਡ ਦੇ ਲੋਕਾਂ ਦੇ ਸਹਿਯੋਗ ਨਾਲ ਹੀ ਸਕੀਮਾਂ ਦੀ ਉਸਾਰੀ ਨੂੰ ਨੇਪਰੇ ਚਾੜਿਆ ਜਾਵੇਗਾ।

ਮੈਂ ਆਪਣੇ ਵੱਲੋਂ ਅਤੇ ਪੰਜਾਬ ਸਰਕਾਰ ਵੱਲੋਂ ਸਾਰੇ ਅਧਿਕਾਰੀਆਂ/ਕਰਮਚਾਰੀਆਂ ਨੂੰ ਅਪੀਲ ਕਰਦਾ ਹਾਂ ਕਿ ਹੁਣ ਸੈਕਟਰ ਵਾਈਡ ਅਪਰੋਚ ਨੂੰ ਲੋਕਾਂ ਦੀ ਭਾਗੀਦਾਰੀ ਨਾਲ ਕਾਮਯਾਬ ਬਣਾਉਣ ਲਈ ਆਪਣੇ ਵਤੀਰੇ ਅਤੇ ਕੰਮ ਕਰਨ ਦੇ ਢੰਗ ਵਿੱਚ ਬਦਲਾਓ ਲਿਆਉਣ, ਸੂਚਨਾਂ, ਸੰਚਾਰ ਅਤੇ ਸਿਖਿਆ ਦੇ ਤਰੀਕਿਆਂ ਨੂੰ ਸਿੱਖਕੇ ਲੋਕਾਂ ਨੂੰ ਇਨ੍ਹਾਂ ਸਕੀਮਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨ। ਮਹਿਕਮੇ ਵੱਲੋਂ ਇਸ ਅਪਰੋਚ ਤਹਿਤ ਵੱਖ-ਵੱਖ ਟ੍ਰੇਨਿੰਗ ਪ੍ਰੋਗਰਾਮ ਪੂਰੇ ਪੰਜਾਬ ਵਿੱਚ ਚਲਾਏ ਜਾ ਰਹੇ ਹਨ।

ਮੈਂ ਪੇਂਡੂ ਵਸਨੀਕਾਂ ਨੂੰ ਇਹ ਗੁਜਾਰਿਸ਼ ਕਰਦਾ ਹਾਂ ਕਿ ਮਹਿਕਮੇ ਦੀ ਸੈਕਟਰ ਵਾਈਡ ਅਪਰੋਚ ਦੇ ਨਵੇਂ ਉਪਰਾਲੇ ਤਹਿਤ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣਾ ਸਹਿਯੋਗ ਦੇਣ ਅਤੇ ਵਿਕੇਂਦਰੀਕਰਨ ਦੇ ਇਸ ਦੌਰ ਵਿੱਚ ਆਪਣੇ ਪਿੰਡ ਦੀ ਜਲ ਸਪਲਾਈ ਨੂੰ ਆਪਣੀਆਂ ਜਰੂਰਤਾਂ ਅਤੇ ਮੰਗਾਂ ਮੁਤਾਬਿਕ ਚਲਾਕੇ ਪਿੰਡ ਦੇ ਹਰ ਘਰ ਵਿੱਚ ਸ਼ੁੱਧ ਅਤੇ ਸਾਫ਼ ਪਾਣੀ ਮੁਹੱਈਆ ਕਰਵਾਉਣ ਤਾਂ ਕਿ ਅਸੀਂ ਪੰਜਾਬ ਨੂੰ ਖੁਸ਼ਹਾਲ ਬਣਾ ਸਕੀਏ।

**ਪੀ. ਐਸ. ਔਜਲਾ** (ਆਈ. ਏ. ਐਸ.)
ਸੱਕਤਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

ਸੰਪਾਦਕੀ ਬੋਰਡ: ਇੰਜ. ਐਸ. ਕੇ. ਜੈਨ,
ਨਵਨੀਤ ਵਿਰਕ, ਪ੍ਰੀਆ ਓਝਾ

## ਜਲ ਸਪਲਾਈ ਸਕੀਮਾਂ ਦੇ ਵਿਕੇਂਦਰੀਕਰਨ ਲਈ ਪੰਜਾਬ ਪੱਧਰ 'ਤੇ ਟ੍ਰੇਨਿੰਗਾਂ ਦਾ ਸਿਲਸਿਲਾ ਜਾਰੀ

ਪੰਜਾਬ ਸਰਕਾਰ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਮਹਿਕਮੇ ਵਿੱਚ ਸੈਕਟਰ ਵਾਈਡ ਅਪਰੋਚ (SWAp) ਨੂੰ ਜੁਲਾਈ 2010 ਤੋਂ ਲਾਗੂ ਕਰ ਦਿੱਤਾ ਗਿਆ ਹੈ। ਇਸ ਵਿਕੇਂਦਰੀਕਰਨ ਨੀਤੀ ਤਹਿਤ ਜਲ ਸਪਲਾਈ ਅਤੇ ਸੈਨੀਟੇਸ਼ਨ ਸਕੀਮਾਂ ਦੀ ਯੋਜਨਾਂ, ਉਸਾਰੀ ਅਤੇ ਸਾਂਭ-ਸੰਭਾਲ ਵਿੱਚ ਲੋਕਾਂ ਦੀ ਸਮੂਲੀਅਤ ਅਤੇ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ। ਪਿੰਡ ਵਾਸੀਆਂ ਵੱਲੋਂ ਇਸ ਨਵੀਂ ਪਹਿਲ ਅਧੀਨ ਗ੍ਰਾਮ ਪੰਚਾਇਤ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਦਾ ਇਸਦੇ ਰੱਖ-ਰਖਾਵ ਤੇ ਸਾਂਭ ਸੰਭਾਲ ਦੀ ਜਿੰਮੇਵਾਰੀ ਵੀ ਗ੍ਰਾਮ ਪੰਚਾਇਤ/ਜਲ ਅਤੇ ਸੈਨੀਟੇਸ਼ਨ ਕਮੇਟੀਆਂ ਦੀ ਹੀ ਹੋਵੇਗੀ।

ਲੋਕਾਂ ਦੀ ਭਾਗੀਦਾਰੀ ਨੂੰ ਨਿਸ਼ਚਿਤ ਕਰਨ ਲਈ ਕਮਿਊਨੀਕੇਸ਼ਨ ਅਤੇ ਕਪੈਸਟੀ ਬਿਲਡਿੰਗ ਯੂਨਿਟ (ਸੀ.ਸੀ.ਡੀ.ਯੂ.), ਸਟੇਟ ਪ੍ਰੋਗਰਾਮ ਮੈਨੇਜਮੈਂਟ ਸੈੱਲ ਮੋਹਾਲੀ ਵੱਲੋਂ 7 ਜੂਨ 2010 ਤੋਂ 23 ਜੁਲਾਈ 2010 ਤੱਕ ਦੋ ਦਿਨਾਂ ਦੀਆਂ 13 ਟ੍ਰੇਨਿੰਗਾਂ ਲਗਾਈਆਂ ਗਈਆਂ। ਜਿਸ ਵਿੱਚ 20 ਜਿਲ੍ਹਿਆਂ ਦੇ ਸਾਰੇ ਅਧਿਕਾਰੀਆਂ/ਕਰਮਚਾਰੀਆਂ (ਜੇ.ਈ. ਤੋਂ ਲੈ ਕੇ ਮੁੱਖ ਇੰਜੀਨੀਅਰ ਤੱਕ) ਨੂੰ ਸਵੈਪ ਦੀ ਨੀਤੀ ਅਤੇ ਸਿਧਾਂਤਾ ਬਾਰੇ, ਜਿਲਾ ਪ੍ਰੋਗਰਾਮ ਮੈਨੇਜਮੈਂਟ ਸੈੱਲ ਅਤੇ ਜਿਲੇ ਦੇ ਓਪਰੇਸ਼ਨ ਵਿੰਗ ਵਿੱਚ ਆਪਸੀ ਤਾਲ-ਮੇਲ ਅਤੇ ਆਪਸੀ ਸਹਿਯੋਗ ਦੇਣ ਲਈ, ਸੂਚਨਾਂ, ਸਿਖਿੱਆ ਅਤੇ ਸੰਚਾਰ ਦੇ ਤਰੀਕਿਆਂ ਬਾਰੇ, ਵਿਵਹਾਰ ਵਿੱਚ ਬਦਲਾਓ ਲਿਆਉਣ ਬਾਰੇ ਅਤੇ ਲੋਕਾਂ ਦੀ ਭਾਗੀਦਾਰੀ ਲੈਣ ਬਾਰੇ ਮੁੱਖ ਰੂਪ ਵਿੱਚ ਜਾਣੇ ਪਹਿਚਾਣੇ ਮਾਹਿਰਾ ਵੱਲੋਂ ਟ੍ਰੇਨਿੰਗ ਦਿੱਤੀ ਗਈ।



ਜਲ ਸਪਲਾਈ ਮਹਿਕਮੇ ਵੱਲੋਂ ਸਵੈਪ ਅਧੀਨ ਜਿਲਿਆਂ ਵਿੱਚ ਲਗਾਈਆਂ ਗਈਆਂ ਟ੍ਰੇਨਿੰਗਾਂ ਦੇ ਦ੍ਰਿਸ਼

ਗਠੱਨ ਕੀਤਾ ਜਾਣਾ ਹੈ। ਮਹਿਕਮੇ ਵੱਲੋਂ ਵਿਸ਼ਵ ਬੈਂਕ ਅਧੀਨ ਚਲਾਈਆਂ ਗਈਆਂ 176 ਪਿੰਡਾਂ ਦੀਆਂ ਜਲ ਸਪਲਾਈ ਸਕੀਮਾਂ ਦੀ ਸਫਲਤਾ ਨੂੰ ਦੇਖਦੇ ਹੋਏ, ਹੁਣ ਭਾਰਤ/ਪੰਜਾਬ ਸਰਕਾਰ ਦੇ ਫੰਡਿੰਗ ਅਧੀਨ ਉਸਾਰੀਆਂ ਜਾਣ ਵਾਲੀਆਂ ਸਕੀਮਾਂ (ਏ.ਆਰ.ਪੀ./ਨਬਾਰਡ) ਵਿੱਚ ਵੀ ਲੋਕਾਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ ਅਤੇ ਇਨ੍ਹਾਂ ਸਕੀਮਾਂ ਦਾ ਪਿੰਡ ਪੱਧਰ ਤੇ ਵਿਕੇਂਦਰੀਕਰਨ ਕੀਤਾ ਜਾਵੇਗਾ। ਸਕੀਮਾਂ ਮਹਿਕਮੇ ਦੇ ਤਕਨੀਕੀ ਸਹਿਯੋਗ ਨਾਲ ਬਣਾਈਆਂ ਜਾਣਗੀਆਂ ਅਤੇ

ਟ੍ਰੇਨਿੰਗ ਦੌਰਾਨ ਪ੍ਰਤੀਭਾਗੀਆਂ ਨੂੰ ਲੋਕਾਂ ਦੀ

ਬਾਕੀ ਪੇਜ 3 'ਤੇ

## ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿੱਚ ਜਲ ਸਪਲਾਈ ਦੇ ਨਿੱਜੀ ਕੁਨੈਕਸ਼ਨਾਂ ਨੂੰ ਉਤਸਾਹਿਤ ਕਰਨ ਲਈ ਕੁਨੈਕਸ਼ਨ ਫੀਸ ਵਿੱਚ 50% ਕਟੌਤੀ ਦਾ ਐਲਾਨ

(ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅੱ.ਵਿ.ਪੱ.ਨੰ.7/3/09 ਇਸ2/3519 ਮਿਤੀ, ਚੰਡੀਗੜ੍ਹ, 16/7/10 ਦੇ ਹੁਕਮਾਂ ਅਨੁਸਾਰ)

ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਕੰਜਿਊਮਰਾਂ ਨੂੰ ਵੱਧ ਤੋਂ ਵੱਧ ਜਲ ਸਪਲਾਈ ਦੇ ਪ੍ਰਾਈਵੇਟ ਕੁਨੈਕਸ਼ਨ ਲੈਣ ਲਈ ਉਤਸਾਹਤ ਕਰਨ ਵਾਸਤੇ ਅਤੇ ਪੇਂਡੂ ਜਲ ਸਪਲਾਈ ਸਕੀਮ ਦੀ ਓਪਰੇਸ਼ਨ ਅਤੇ ਮੈਨਟੀਨੇਂਸ ਨੂੰ ਆਤਮ ਨਿਰਭਰ ਬਣਾਉਣ ਲਈ ਜਲ ਸਪਲਾਈ ਵਿਭਾਗ ਵੱਲੋਂ ਵੱਖ-ਵੱਖ ਪ੍ਰੋਗਰਾਮਾਂ ਅਧੀਨ ਚਲਾਈਆਂ ਜਾ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਟਰ ਕੁਨੈਕਸ਼ਨ ਫੀਸ ਵਿੱਚ ਇਕ ਸਾਰਤਾ ਲਿਆਈ ਜਾਵੇ। ਇਸ ਲਈ ਵਰਲਡ ਬੈਂਕ ਪ੍ਰੋਜੈਕਟ ਅਧੀਨ ਸਥਾਪਿਤ ਪੇਂਡੂ ਜਲ ਸਪਲਾਈ ਸਕੀਮਾਂ ਦੀ ਤਰਜ ਤੇ ਬਾਕੀ ਪ੍ਰੋਜੈਕਟ/ਵਿੱਤੀ ਸਹਾਇਤਾ ਅਧੀਨ ਸਥਾਪਿਤ ਸਕੀਮਾਂ ਅਧੀਨ ਵੀ ਜਨਰਲ ਕੈਟਾਗਰੀ ਲਈ 500 ਰੁਪਏ ਪ੍ਰਤੀ ਕੁਨੈਕਸ਼ਨ ਅਤੇ ਬੀ.ਪੀ.ਐਲ./ਐਸ.ਸੀ. ਕੈਟਾਗਰੀ ਲਈ 250 ਰੁਪਏ ਪ੍ਰਤੀ ਕੁਨੈਕਸ਼ਨ ਫੀਸ ਨਿਸਚਿਤ ਕੀਤੀ ਜਾਂਦੀ ਹੈ।

2. ਇਸ ਤੋਂ ਪਹਿਲਾਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਇਸ ਸਮੇਂ ਉਪਭੋਗਤਾਵਾ ਤੋਂ ਸੈਂਟਰਲੀ ਸਪਾਂਸਰਡ ਅਤੇ ਨਬਾਰਡ ਸਹਾਇਤਾ ਅਧੀਨ ਸਥਾਪਿਤ ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਟਰ ਕੁਨੈਕਸ਼ਨ ਦੀ ਫੀਸ 1000 ਰੁਪਏ ਪ੍ਰਤੀ ਕੁਨੈਕਸ਼ਨ ਪ੍ਰਾਪਤ ਕੀਤੀ ਜਾਂਦੀ ਹੈ। ਵਰਲਡ ਬੈਂਕ ਸਹਾਇਤਾ ਅਧੀਨ ਸਥਾਪਿਤ ਪੇਂਡੂ ਜਲ ਸਪਲਾਈ ਲਈ ਕੁਨੈਕਸ਼ਨ ਫੀਸ ਆਮ ਵਰਗ ਤੋਂ 500 ਰੁਪਏ ਪ੍ਰਤੀ ਕੁਨੈਕਸ਼ਨ ਅਤੇ ਬੀ.ਪੀ.ਐਲ/ਅਨੁਸੂਚਿਤ ਜਾਤੀ ਤੋਂ 250 ਰੁਪਏ ਪ੍ਰਤੀ ਕੁਨੈਕਸ਼ਨ ਨਿਸਚਿਤ ਕੀਤੀ ਗਈ ਹੈ।

3. ਇਹ ਹੁਕਮ ਮੰਤਰੀ ਮੰਡਲ ਦੀ ਪ੍ਰਵਾਨਗੀ ਉਪਰੰਤ ਆਮ ਰਾਜ ਪ੍ਰਬੰਧ ਵਿਭਾਗ(ਮੰਤਰੀ ਮੰਡਲ ਮਾਮਲੇ ਸ਼ਾਖਾ) ਦੇ ਅ.ਵਿ.ਪੱ.ਨੰ. 1/134/2010-1 ਕੈਬਨਿਟ/2606 ਮਿਤੀ 19-06-10 ਰਾਹੀਂ ਜਾਰੀ ਕੀਤੀ ਸਹਿਮਤੀ ਦੇ ਸਨਮੁੱਖ ਜਾਰੀ ਕੀਤੇ ਜਾਂਦੇ ਹਨ।

ਪੀ.ਐਸ. ਔਜਲਾ
ਸਕੱਤਰ ਪੰਜਾਬ ਸਰਕਾਰ
ਜਲ ਸਪਲਾਈ ਤੇ
ਸੈਨੀਟੇਸ਼ਨ ਵਿਭਾਗ

ਮਿਤੀ, ਚੰਡੀਗੜ੍ਹ
14 ਜੁਲਾਈ, 2010

## ਫ਼ਤਿਹਗੜ੍ਹ ਸਾਹਿਬ ਦੇ ਪਿੰਡ ਮਨਹੇੜਾਂ ਜੱਟਾਂ ਵਿੱਚ ਕਾਰਗਰ ਸਾਬਿਤ ਹੋ ਰਹੀ ਹੈ ਨਿਰਮਲ ਜਲ ਸਕੀਮ

ਜਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਮਨਹੇੜਾਂ ਜੱਟਾਂ ਬਲਾਕ ਖੇੜਾ ਵਿੱਚ ਪਿੰਡ ਵਾਸੀ ਸ਼ੁੱਧ ਪਾਣੀ ਦੀ ਘਾਟ ਨਾਲ ਜੂਝ ਰਹੇ ਸਨ ਅਤੇ ਨਲਕਿਆਂ ਤੇ ਪ੍ਰਾਈਵੇਟ ਟਿਊਬਵੈਲਾਂ ਦੇ ਪਾਣੀ ਦੀ ਵਰਤੋਂ ਕਰਕੇ ਪਾਣੀ ਦੀਆਂ ਜਰੂਰਤਾਂ ਪੂਰੀਆਂ ਕਰ ਰਹੇ ਸਨ। ਪਿੰਡ ਵਿੱਚ ਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਸੀ ਅਤੇ ਔਰਤਾਂ/ਬੱਚਿਆਂ ਨੂੰ ਲੰਮੀਆਂ ਲਾਈਨਾਂ ਵਿੱਚ ਲਗਕੇ ਪਾਣੀ ਇੱਕਠਾ ਕਰਨਾ ਪੈਂਦਾ ਸੀ। ਲੋਕਾਂ ਦੀ ਸਮੱਸਿਆਵਾਂ ਨੂੰ ਦੇਖਦੇ ਹੋਏ ਜਲ ਸਪਲਾਈ ਮਹਿਕਮੇ ਵੱਲੋਂ ਇਹ ਪਿੰਡ ਵਿਸ਼ਵ ਬੈਂਕ ਦੀ ਪਾਇਲਟ ਬੈਚ ਸਕੀਮ ਅਧੀਨ ਜਲ ਸਪਲਾਈ ਸਕੀਮ ਲਗਾਉਣ ਲਈ ਚੁਣਿਆ ਗਿਆ।

ਮਨਹੇੜਾ ਜੱਟਾਂ ਪਿੰਡ ਦੀ ਆਬਾਦੀ ਲਗਭਗ 727 ਹੈ, ਜਿਸ ਵਿੱਚ 98 ਘਰ ਹਨ। ਪਿੰਡ ਵਿੱਚ ਸਕੀਮ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦੇ ਹੋਏ ਜਿਲਾ ਪ੍ਰੋਗਰਾਮ ਮੈਨੇਜਮੈਂਟ ਸੈੱਲ, ਫ਼ਤਿਹਗੜ੍ਹ ਵੱਲੋਂ ਪਿੰਡ ਦੀ ਪੰਚਾਇਤ ਨਾਲ ਰਾਬਤਾ ਕਾਇਮ ਕੀਤਾ ਗਿਆ। ਉਹਨਾਂ ਨੂੰ ਪ੍ਰੋਜੈਕਟ ਤੋਂ ਹੋਣ ਵਾਲੇ ਫਾਇਦੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਸਕੀਮ ਵਿੱਚ ਲੋਕਾਂ ਦੀ ਭਾਗੀਦਾਰੀ ਅਤੇ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਮਹਿਕਮੇ ਵੱਲੋਂ ਟ੍ਰੇਨਿੰਗ ਕੈਂਪ ਲਗਾਏ ਗਏ। ਲੋਕਾਂ ਨੂੰ ਜਲ ਸਪਲਾਈ ਸਕੀਮ ਬਾਰੇ ਜਾਣੂ ਕਰਵਾਉਣ ਲਈ ਅਤੇ ਪ੍ਰੋਜੈਕਟ ਅਧੀਨ ਬਣਦੀ ਹਿੱਸੇਦਾਰੀ ਜਮ੍ਹਾਂ ਕਰਵਾਉਣ ਲਈ ਪਿੰਡ ਵਿੱਚ ਪਾਣੀ ਜਾਂਚ ਕੈਂਪ ਲਗਾਏ ਗਏ, ਸਕੂਲ ਰੈਲੀਆਂ ਕੱਢੀਆਂ ਗਈਆਂ ਅਤੇ ਦੂਰਦਰਸ਼ਨ ਜਲੰਧਰ ਦੇ ਸਹਿਯੋਗ ਨਾਲ ਰੋਡ ਸ਼ੋ ਵੀ ਕੀਤੇ ਗਏ।

ਪਿੰਡ ਦੀ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੇ ਉਦਮ ਅਤੇ ਜਿਲਾ ਪ੍ਰੋਗਰਾਮ ਮੈਨੇਜਮੈਂਟ ਸੈੱਲ, ਫ਼ਤਿਹਗੜ੍ਹ ਸਾਹਿਬ ਦੀ ਅਣਥੱਕ ਮਿਹਨਤ ਦੇ ਸਦਕਾ ਪਿੰਡ ਵਾਸੀਆਂ ਵੱਲੋਂ ਆਪਣਾ ਬਣਦਾ 1.35 ਲੱਖ ਰੁਪਏ ਲਾਭਪਾਤਰੀ ਹਿੱਸਾ ਜਮ੍ਹਾਂ ਕਰਵਾਇਆ ਗਿਆ। ਜਿਸ ਵਿੱਚ ਕਿ ਜਲ ਸਪਲਾਈ ਕਮੇਟੀ ਦੇ ਸਕੱਤਰ ਸ਼੍ਰੀ ਪ੍ਰਿਤਪਾਲ ਸਿੰਘ ਜੀ ਨੇ ਵੱਡਮੁੱਲਾ ਸਹਿਯੋਗ ਦਿੱਤਾ। ਇਸ ਉਪਰੰਤ ਵਿਭਾਗੀ ਕਾਰਵਾਈ ਰਾਹੀਂ

- ਪਿੰਡ ਦੀ ਕਮੇਟੀ ਚਲਾ ਰਹੀ ਹੈ ਜਲ ਸਪਲਾਈ ਸਕੀਮ।
- 90 % ਘਰਾਂ ਨੇ ਨਿੱਜੀ ਕੁਨੈਕਸ਼ਨ ਲਏ।
- ਪਿੰਡ ਵਿੱਚ ਹੀ ਰੋਜ਼ਗਾਰ ਦੇ ਸਾਧਨ।

ਪੰਜਾਬ ਸਰਕਾਰ ਵੱਲੋਂ 24.26 ਲੱਖ ਰੁਪਏ ਦੇ ਤਖਮੀਨੇ ਨੂੰ ਮੰਨਜ਼ੂਰੀ ਮਿਲ ਗਈ। ਪਿੰਡ ਦੇ ਸਹਿਯੋਗ ਨਾਲ ਥੋੜ੍ਹੇ ਹੀ ਸਮੇਂ ਵਿੱਚ ਜਲ ਸਪਲਾਈ ਸਕੀਮ ਦੀ ਉਸਾਰੀ ਸਤੰਬਰ 2008 ਵਿੱਚ ਮੁਕੰਮਲ ਕਰ ਦਿੱਤੀ ਗਈ ਅਤੇ ਇਸ ਨੂੰ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ ਦੇ ਸਪੁੱਰਦ ਕਰ ਦਿੱਤਾ ਗਿਆ।

ਅੱਜ ਜਲ ਸਪਲਾਈ ਕਮੇਟੀ ਦੀ ਚੇਅਰਪਰਸਨ ਸ਼੍ਰੀਮਤੀ ਹਰਜੀਤ ਕੌਰ ਅਤੇ ਸਕੱਤਰ ਸ਼੍ਰੀ ਪ੍ਰਿਤਪਾਲ ਸਿੰਘ ਦੀ ਯੋਗ ਅਗਵਾਈ ਵਿੱਚ ਇਹ ਸਕੀਮ ਬਹੁਤ ਹੀ ਪ੍ਰਭਾਵਸਾਲੀ ਢੰਗ ਨਾਲ ਚੱਲ ਰਹੀ ਹੈ। ਕਮੇਟੀ ਵੱਲੋਂ ਹੁਣ ਤੱਕ ਪਿੰਡ ਦੇ ਕੁੱਲ 98 ਘਰਾਂ ਵਿੱਚੋਂ 85 ਘਰਾਂ ਵਿੱਚ ਪਾਣੀ ਦੇ ਕੁਨੈਕਸ਼ਨ ਲਗਾ ਦਿੱਤੇ ਗਏ ਹਨ। ਪਿੰਡ ਦੇ ਘਰ੍ਹਾਂ ਵਿੱਚ ਕਮੇਟੀ ਵੱਲੋਂ ਲੋਕਾਂ ਦੀ ਮੰਗ ਮੁਤਾਬਿਕ ਪੂਰਾ ਪਾਣੀ ਦਿਨ ਵਿੱਚ ਦੋ ਵਾਰੀ ਸਪਲਾਈ ਕੀਤਾ ਜਾ ਰਿਹਾ ਹੈ। ਲੋਕੀ, ਖਾਸ ਕਰਕੇ ਔਰਤਾਂ ਅਤੇ ਬੱਚੇ, ਪਾਣੀ ਦੀ ਸਪਲਾਈ ਅਤੇ ਗੁਣਵਤਾ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ। ਪਿੰਡ ਵਾਸੀ ਸਕੀਮ ਨੂੰ ਸਹੀ ਢੰਗ ਨਾਲ ਚਲਾਉਣ ਲਈ ਕਮੇਟੀ ਵੱਲੋਂ ਲਗਾਏ ਗਏ 100 ਰੁਪਏ ਪ੍ਰਤੀ ਮਹੀਨੇ ਦੇ ਬਿੱਲ ਦਾ ਸਮੇਂ ਸਿਰ ਭੁਗਤਾਨ ਕਰ ਰਹੇ ਹਨ। ਮਿਤੀ 30-6-10 ਤੱਕ ਕਮੇਟੀ ਦੇ ਸਾਰੇ ਖਰਚਿਆਂ ਨੂੰ ਕੱਢਕੇ, ਜਿਸਦੇ ਵਿੱਚ ਬਿਜਲੀ ਦੇ ਬਿੱਲ, ਪੰਪ ਅਪਰੇਟਰ ਦੀ ਤਨਖਾਹ ਅਤੇ ਹੋਰ ਫੁਟਕਲ ਖਰਚ ਸ਼ਾਮਿਲ ਹਨ, 18000/- ਰੁਪਏ ਬਚਤ ਦੇ ਤੌਰ ਤੇ ਬੈਂਕ ਖਾਤੇ ਵਿਚ ਜਮ੍ਹਾਂ ਹਨ।

ਕਮੇਟੀ ਵੱਲੋਂ ਪਿੰਡ ਦੇ ਜਲ ਘਰ ਨੂੰ ਫੁੱਲ ਬੂਟੇ ਲਗਾ ਕੇ ਸ਼ਾਨਦਾਰ ਬਣਾਇਆ ਗਿਆ ਹੈ। ਜਲ ਘਰ ਦੀ ਸਾਂਭ ਸੰਭਾਲ ਲਈ ਪੰਪ ਉਪਰੇਟਰ ਨਿਯੁਕਤ ਕੀਤਾ ਗਿਆ ਹੈ । ਇਸ ਦੇ ਨਾਲ ਹੀ ਕਮੇਟੀ ਵੱਲੋਂ ਪਾਰਦਰਸ਼ਤਾ ਰੱਖਣ ਲਈ ਜਮ੍ਹਾਂ ਖਰਚ ਦਾ ਹਿਸਾਬ-ਕਿਤਾਬ ਵੀ ਜਮ੍ਹਾਂ ਖਾਤਿਆਂ ਵਿੱਚ ਸਹੀ ਢੰਗ ਨਾਲ ਦਰਜ ਕੀਤਾ ਜਾਂਦਾ ਹੈ। ਜਲ ਸਪਲਾਈ ਅਤੇ ਸੈਨੀਟੇਸਨ ਕਮੇਟੀ ਜਲ ਘਰ ਦੀ ਸਾਂਭ ਸੰਭਾਲ ਅਤੇ ਸੰਚਾਲਨ ਵਿੱਚ ਵਿਸ਼ੇਸ਼ ਰੁੱਚੀ ਦਿਖਾ ਰਹੀ ਹੈ। ਅੱਜ ਸਾਰੇ ਪਿੰਡ ਵਾਸੀ ਸ਼ੁੱਧ ਅਤੇ ਸਾਫ਼ ਜਲ ਸਪਲਾਈ ਦਾ ਆਨੰਦ ਮਾਣ ਰਹੇ ਹਨ, ਅਤੇ ਖ਼ੁਸ਼ਹਾਲ ਜੀਵਨ ਜੀਅ ਰਹੇ ਹਨ।




ਪਿੰਡ ਮਨਹੇੜਾਂ ਜੱਟਾਂ ਵਿੱਚ ਸਕੀਮ ਬਾਰੇ ਜਾਗਰੂਕਤਾ ਲਈ ਕੀਤੇ ਗਏ ਰੋਡ ਸ਼ੋ ਦੌਰਾਨ ਇਕੱਠਾ ਹੋਇਆ ਜਨ ਸਮੂਹ

# ਜਲ ਸਪਲਾਈ ਮਹਿਕਮੇ ਵਿੱਚ ਨਵੇਂ ਨਿਯੁਕਤ ਕੀਤੇ ਗਏ ਜੂਨੀਅਰ ਇੰਜੀਨੀਅਰਾਂ ਨੂੰ 15 ਦਿਨਾਂ ਦੀ ਟ੍ਰੇਨਿੰਗ

ਪੰਜਾਬ ਸਰਕਾਰ ਵੱਲੋਂ ਰਾਜ ਦੇ ਲੋਕਾਂ ਨੂੰ ਸ਼ੁੱਧ ਪੀਣ ਵਾਲੇ ਪਾਣੀ ਦੀ ਸਪਲਾਈ ਮੁਹੱਈਆ ਕਰਵਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਅਧੀਨ ਵਿਭਾਗ ਦੀਆਂ ਵੱਖ ਵੱਖ ਜਲ ਸਪਲਾਈ ਸਕੀਮਾਂ ਦਾ ਕੰਮ ਤੇਜੀ ਨਾਲ ਪੂਰਾ ਕਰਨ ਲਈ ਵਿਭਾਗ ਵਿੱਚ 62 ਨਵੇਂ ਜੂਨੀਅਰ ਇੰਜੀਨੀਅਰ ਨਿਯੁਕਤ ਕੀਤੇ ਮਹੱਹਤਾ ਬਾਰੇ ਜਾਣਕਾਰੀ ਦਿੱਤੀ। ਸ੍ਰੀ ਆਰ . ਐਲ. ਕੋਲਧਰ ਮੁੱਖ ਇੰਜੀਨੀਅਰ (ਉੱਤਰ) ਵੱਲੋਂ ਨਵੇਂ ਆਏ ਜੇ.ਈਜ ਨੂੰ ਦਿਸ਼ਾ ਨਿਰਦੇਸ਼ ਵੀ ਦਿੱਤੇ।

ਇਹ ਟ੍ਰੇਨਿੰਗ ਨਿਗਰਾਨ ਇੰਜੀਨੀਅਰ, ਚੰਡੀਗੜ੍ਹ ਦੀ ਦੇਖ-ਰੇਖ ਅਧੀਨ ਸੰਪੂਰਨ ਕੀਤੀ ਗਈ। ਟ੍ਰੇਨਿੰਗ ਦੌਰਾਨ ਇਸ ਦੇ ਟਿਊਬਵੈੱਲ ਅਤੇ ਕਨਾੱਲ ਅਧਾਰਿਤ ਜਲ ਸਪਲਾਈ ਸਕੀਮਾਂ ਬਾਰੇ, ਪੂਰਨ ਸਵੱਛਤਾ ਅਭਿਆਨ ਦੀ ਸਫਲਤਾ ਬਾਰੇ, ਸੈਨੀਟੇਸ਼ਨ ਅਧੀਨ ਟੋਭਿਆਂ ਦੇ ਨਵੀਨੀਕਰਨ ਬਾਰੇ, ਵਾਟਰ ਕੁਆਲਟੀ ਦੀ ਜਾਂਚ ਬਾਰੇ, ਜਮੀਨੀ ਪਾਣੀ ਨੂੰ ਰੀ-ਚਾਰਜ ਕਰਨ ਬਾਰੇ, ਵਾਟਰ ਟ੍ਰੀਟਮੈਂਟ ਅਤੇ ਫਿਲਟਰੇਸ਼ਨ ਦੀ ਪ੍ਰਕ੍ਰਿਆ ਦੇ ਵੱਖ ਵੱਖ ਨਿਗਰਾਨ ਇੰਜੀਨੀਅਰਾਂ ਵੱਲੋਂ ਹਰ ਰੋਜ਼ ਇਸ ਟ੍ਰੇਨਿੰਗ ਪ੍ਰੋਗਰਾਮ ਨੂੰ ਚੇਅਰ ਕੀਤਾ ਗਿਆ।

ਟ੍ਰੇਨਿੰਗ ਦੇ ਅਖੀਰਲੇ ਦਿਨ, ਸ੍ਰੀ ਐਸ.ਆਰ ਅਗਰਵਾਲ, ਮੁੱਖ ਇੰਜੀਨੀਅਰ (ਦੱਖਣ) ਵੱਲੋਂ ਪ੍ਰਤੀਭਾਗੀ ਜੂਨੀਅਰ ਇੰਜੀਨੀਅਰਜ ਵਿੱਚੋਂ ਟ੍ਰੇਨਿੰਗ ਦੌਰਾਨ ਮੁੱਖ ਤੌਰ ਤੇ ਯੋਗਦਾਨ



ਨਵੇਂ ਨਿਯੁਕਤ ਹੋਏ ਜੂਨੀਅਰ ਇੰਜੀਨੀਅਰਜ਼ ਨੂੰ ਸੰਬੋਧਨ ਕਰਦੇ ਮਹਿਕਮੇ ਦੇ ਆਲ੍ਹਾ ਅਫ਼ਸਰ

ਗਏ ਹਨ। ਜਲ ਸਪਲਾਈ ਮਹਿਕਮੇ ਵੱਲੋਂ ਇਤਿਹਾਸ ਵਿੱਚ ਪਹਿਲੀ ਵਾਰ ਨਵੇਂ ਰੱਖੇ ਜੂਨੀਅਰ ਇੰਜੀਨੀਅਰਜ ਲਈ 15 ਦਿਨਾਂ ਦੀ (01.07.2010 ਤੋਂ 15.07.2010 ਤੱਕ) ਰੈਜੀਡੇਨਸ਼ੀਅਲ ਇੰਡਕਸ਼ਨ ਟ੍ਰੇਨਿੰਗ ਕਿਸਾਨ ਭਵਨ, ਚੰਡੀਗੜ੍ਹ ਵਿਖੇ ਕੀਤੀ ਗਈ। ਟ੍ਰੇਨਿੰਗ ਦਾ ਰਸਮੀ ਉਦਘਾਟਨ ਸ੍ਰੀ ਐਸ. ਆਰ. ਅਗਰਵਾਲ, ਮੁੱਖ ਇੰਜੀਨੀਅਰ (ਦੱਖਣ) ਵੱਲੋਂ ਕੀਤਾ ਗਿਆ, ਜਿਨਾਂ ਨੇ ਪ੍ਰਤੀਭਾਗੀਆਂ ਨੂੰ ਤਕਨੀਕੀ ਇੰਜੀਨੀਅਰਿੰਗ ਦੇ ਨਾਲ-ਨਾਲ ਸੋਸ਼ਲ ਇੰਜੀਨੀਅਰਿੰਗ ਦੀ ਆਯੋਜਕ ਇੰਜ: ਐਨ. ਕੇ. ਧੀਰ, ਨਿਗਰਾਨ ਇੰਜੀਨੀਅਰ, ਚੰਡੀਗੜ੍ਹ ਅਤੇ ਮਹਿਕਮੇ ਦੇ ਸੂਝਵਾਨ ਅਧਿਕਾਰੀਆਂ ਨੇ ਵੱਖ- ਵੱਖ ਦਿਨਾਂ ਦੌਰਾਨ ਪ੍ਰਤੀਭਾਗੀਆਂ ਨੂੰ ਵਿਭਾਗ ਦੀ ਕਾਰਜ ਪ੍ਰਣਾਲੀ, ਪੀ.ਡਬਲਿਊ.ਡੀ. ਸਪੈਸ਼ੀਫਿਕੇਸ਼ਨਜ਼, ਕਾਮਨ ਸ਼ਡਿਊਲ ਆੱਫ ਰੇਟਸ, ਕੋਡਲ ਰੂਲਜ਼ ਆਦਿ, ਜਲ ਸਪਲਾਈ ਵਿਭਾਗ ਵੱਲੋਂ ਚਲਾਏ ਜਾ ਰਹੇ ਨੈਸ਼ਨਲ ਰੂਰਲ ਡਰਿੰਕਿੰਗ ਵਾਟਰ ਪ੍ਰੋਗਰਾਮ, ਵਿਸ਼ਵ ਬੈਂਕ ਏਡਿਡ ਅਤੇ ਸਵੈਪ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਮਾਹਿਰਾਂ ਵੱਲੋਂ ਬਾਰੇ, ਆਰ.ਓ. ਪਲਾਂਟ ਦੀ ਕਾਰਜ ਵਿਧੀ ਬਾਰੇ ਅਤੇ ਪੰਜਾਬ ਵਿੱਚ ਪਾਣੀ ਦੇ ਸੋਮਿਆਂ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ। ਬਾਹਰੋਂ ਬੁਲਾਏ ਗਏ ਸਮਾਜਿਕ ਇੰਜੀਨੀਅਰਿੰਗ ਦੇ ਮਾਹਿਰ ਡਾ. ਮੋਹਿੰਦਰ ਸਿੰਘ (ਕੁਰਕਸ਼ੇਤਰ) ਅਤੇ ਡਾ. ਅਸ਼ੋਕ ਕੁਮਾਰ (ਨਵੀਂ ਦਿੱਲੀ) ਵੱਲੋਂ ਪ੍ਰਤੀਭਾਗੀਆਂ ਨੂੰ ਲੋਕਾਂ ਦੀ ਭਾਗੀਦਾਰੀ ਯਕੀਨੀ ਬਣਾਉਣ ਲਈ ਵਿਵਹਾਰਿਕ ਬਦਲਾਓ ਦੇ ਤਰੀਕਿਆਂ ਬਾਰੇ ਅਤੇ ਸੂਚਨਾਂ ਸਿੱਖਿਆ ਅਤੇ ਸੰਚਾਰ ਦੇ ਸਾਧਨਾਂ ਦੀ ਮਹੱਹਤਾ ਬਾਰੇ ਜਾਣਕਾਰੀ ਦਿੱਤੀ। ਵਿਭਾਗ ਦੇਣ ਲਈ ਅਤੇ ਟ੍ਰੇਨਿੰਗ ਤੋਂ ਬਾਅਦ ਕਰਵਾਏ ਗਏ ਟੈਸਟ ਵਿੱਚ ਚੁਣੇ ਗਏ ਪਹਿਲੇ, ਦੂਜੇ ਅਤੇ ਤੀਜੇ (ਕ੍ਰਮਵਾਰ ਸ੍ਰੀ ਧਰਵਿੰਦਰ ਸਿੰਘ, ਸ੍ਰੀ ਰਵੀਪਾਲ, ਸ੍ਰੀ ਜਤਿਨ ਢੀਂਗਰਾਂ) ਨੰਬਰ ਤੇ ਰਹਿਣ ਵਾਲੇ ਜੂਨੀਅਰ ਇੰਜੀਨੀਅਰਜ ਨੂੰ ਇਨਾਮ ਦਿੱਤੇ ਗਏ। ਸ੍ਰੀ ਆਰ. ਐਲ. ਕੋਲਧਾਰ ਮੁੱਖ ਇੰਜੀਨੀਅਰ (ਉੱਤਰ) ਅਤੇ ਸ੍ਰੀ ਐਮ. ਐਸ. ਕਲੇਰ ਮੁੱਖ ਇੰਜੀਨੀਅਰ (ਸੈਂਟਰਲ) ਵੱਲੋਂ ਟਰੇਨੀਜ ਨੂੰ ਨਿਯੁਕਤੀ ਪੱਤਰ ਅਤੇ ਸਰਟੀਫਿਕੇਟ ਵੀ ਜਾਰੀ ਕੀਤੇ ਗਏ।

ਪੇਜ 1 ਤੋਂ ਬਾਕੀ

ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਮਹਿਕਮੇ ਵੱਲੋਂ ਬੁਲਾਏ ਗਏ ਮਾਹਿਰ - ਡਾ: ਸੁਲਤਾਨ ਅਹਿਮਦ ਇਸਮਾਇਲ (ਚਿਨੇਈ), ਡਾ: ਅਸ਼ੋਕ ਕੁਮਾਰ (ਨਵੀਂ ਦਿੱਲੀ) ਅਤੇ ਡਾ: ਮੋਹਿੰਦਰ ਸਿੰਘ (ਕੁਰਕਸ਼ੇਤਰ) ਨੇ ਵੱਖ-ਵੱਖ ਜਿਲਿਆਂ ਵਿੱਚ ਟ੍ਰੇਨਿੰਗ ਦਿੱਤੀ। ਵਿਭਾਗ ਦੇ ਲਗਭਗ 1000 ਅਧਿਕਾਰੀਆਂ/ ਕਰਮਚਾਰੀਆਂ ਅਤੇ ਚੁਣੇ ਗਏ ਗ੍ਰਾਮ ਪੰਚਾਇਤ ਦੇ ਨੁਮਾਇੰਦਿਆਂ ਨੇ ਇਨ੍ਹਾਂ ਟ੍ਰੇਨਿੰਗਾਂ ਦਾ ਲਾਭ ਉਠਾਇਆ ਅਤੇ ਮਿਲ-ਜੁਲਕੇ ਸਵੈਪ ਅਪਰੋਚ ਨੂੰ ਨੇਪਰੇ ਚੜ੍ਹਾਉਣ ਦਾ ਸੰਕਲਪ ਕੀਤਾ।

ਟ੍ਰੇਨਿੰਗ ਦੇ ਪਹਿਲੇ ਦਿਨ ਮਾਹਿਰਾਂ ਨੇ ਸੂਚਨਾਂ, ਸਿੱਖਿਆ ਅਤੇ ਸੰਚਾਰ ਦੇ ਵੱਡਮੁੱਲੇ ਨੁਕਤਿਆਂ ਬਾਰੇ ਜਾਣਕਾਰੀ ਦਿੱਤੀ। ਮਾਹਿਰਾਂ ਨੇ ਪ੍ਰਤੀਭਾਗੀਆਂ ਨੂੰ ਇੱਕ ਟੀਮ ਦੇ ਤੌਰ ਤੇ ਕੰਮ ਕਰਨ ਦੀ ਵੀ ਪ੍ਰੇਰਨਾ ਦਿੱਤੀ ਅਤੇ ਲੋਕਾਂ ਨੂੰ ਇੱਕ-ਜੁਟ ਕਰਨ ਲਈ ਵੱਖ-ਵੱਖ ਤਕਨੀਕਾਂ ਬਾਰੇ ਦੱਸਿਆ ਗਿਆ ਤਾਂ ਜੋ ਸਵੈਪ ਦੇ ਤਹਿਤ ਸਾਰੇ ਅਧਿਕਾਰੀ/ਕਰਮਚਾਰੀ ਪ੍ਰੋਜੈਕਟ ਦੀਆਂ ਸਾਰੀਆਂ ਸਟੇਜਾਂ- (ਪੂਰਵ ਯੋਜਨਾਂ, ਯੋਜਨਾਂ ਨਿਰਮਾਨ, ਉਸਾਰੀ ਅਤੇ ਉਸਾਰੀ ਮਗਰੋਂ) ਵਿੱਚ ਲੋਕਾਂ ਦੀ ਸ਼ਮੂਲੀਅਤ ਅਤੇ ਭਾਗੀਦਾਰੀ ਨੂੰ ਯਕੀਨੀ ਬਣਾ ਸਕਣ ਅਤੇ ਪ੍ਰੋਜੈਕਟ ਅਧੀਨ ਮਿੱਥਿਆ ਗਿਆ ਲਾਭਪਾਤਰੀ ਹਿੱਸਾ ਆਪਣੀ ਇੱਛਾ ਨਾਲ ਜਮ੍ਹਾਂ ਕਰਵਾ ਸਕਣ।

ਟ੍ਰੇਨਿੰਗ ਦੇ ਦੂਜੇ ਦਿਨ ਜਿਲਾ ਪ੍ਰੋਗਰਾਮ ਮੈਨੇਜਮੈਂਟ ਸੈੱਲ ਅਤੇ ਓਪਰੇਸ਼ਨ ਵਿੰਗ ਦੇ ਕਾਰਜਕਾਰੀ ਇੰਜੀਨੀਅਰਾਂ ਨੂੰ ਸਟੇਟ ਪ੍ਰੋਗਰਾਮ ਮੈਨੇਜਮੈਂਟ ਸੈੱਲ ਵੱਲੋਂ ਸੂਚਨਾਂ, ਸਿੱਖਿਆ ਅਤੇ ਸੰਚਾਰ ਦੇ ਵੱਖ-ਵੱਖ ਮਟੀਰੀਅਲ ਜਿਵੇਂ -ਨਿਰਮਲ ਜਲ ਪਤ੍ਰਿਕਾ, ਫਲਿਪ ਚਾਰਟ, ਪੋਸਟਰ, ਬਰੋਸ਼ਰ, ਫਲਾਇਰ , ਵਾਟਰ ਕੁਆਲਟੀ ਟੈਸਟਿੰਗ ਕਿੱਟ ਆਦਿ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਪ੍ਰਤੀਭਾਗੀਆਂ ਨੂੰ ਦੋ ਵੀਡੀਓ ਫਿਲਮਾਂ "ਆਪਣੀ ਸਕੀਮ ਆਪਣੀ ਮੁਹਿਮ " ਅਤੇ "ਨਿਰਮਲ ਜਲ " ਵੀ ਦਿਖਾਈਆਂ ਗਈਆਂ ਤਾਂ ਕਿ ਪੰਜਾਬ ਸਰਕਾਰ ਦੇ ਇਸ ਨਵੇਂ ਉਪਰਾਲੇ ਬਾਰੇ ਪਿੰਡ ਪੱਧਰ ਤੇ ਪੂਰੀ ਜਾਣਕਾਰੀ ਦਿੱਤੀ ਜਾ ਸਕੇ। ਇਸ ਦਿਨ ਵੱਖ-ਵੱਖ ਪਿੰਡਾਂ ਤੋਂ ਬੁਲਾਏ ਗਏ ਜਲ ਸਪਲਾਈ ਕਮੇਟੀ ਦੇ ਨੁਮਾਇੰਦਿਆਂ ਨੇ ਪ੍ਰਤੀਭਾਗੀਆਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਵਿਭਾਗ ਦੇ ਕੰਮ ਅਤੇ ਸਹਿਯੋਗ ਦੀ ਸਰਾਹਨਾ ਕੀਤੀ।

ਮਹਿਕਮੇ ਵੱਲੋਂ ਹਰ ਜਿਲੇ ਵਿੱਚ 4-5 "ਮਾਡਲ ਪਿੰਡ " ਜਿਨ੍ਹਾਂ ਵਿੱਚ ਪਿੰਡ ਦੀ ਜਲ ਸਪਲਾਈ ਕਮੇਟੀ ਨੇ ਅੱਗੇ ਹੋ ਕੇ ਸਕੀਮਾਂ ਨੂੰ ਨੇਪਰੇ ਚਾੜ੍ਹਿਆ ਹੈ, ਕਾਇਮ ਕੀਤੇ ਜਾਣਗੇ। ਜਿਲੇ ਦੇ ਦੂਸਰੇ ਪਿੰਡਾਂ ਦੇ ਨੁਮਾਇੰਦਿਆਂ ਨੂੰ ਇਨ੍ਹਾਂ ਪਿੰਡਾਂ ਵਿੱਚ ਲਜਾਇਆ ਜਾਵੇਗਾ ਤਾਂ ਜੋ ਮਾਡਲ ਪਿੰਡਾਂ ਦੀ ਸਫਲਤਾ ਨੂੰ ਉਹ ਖੁਦ ਆਪਣੇ ਅੱਖੀ ਦੇਖ ਸਕਣ ਅਤੇ ਆਪਣੇ ਪਿੰਡ ਦੇ ਬਾਕੀ ਵਸਨੀਕਾਂ ਨੂੰ ਵੀ ਪ੍ਰੇਰਿਤ ਕਰਕੇ ਸਕੀਮ ਨੂੰ ਅਪਣਾ ਸਕਣ।

ਇਨ੍ਹਾਂ ਟ੍ਰੇਨਿੰਗਾਂ ਨੇ ਜਲ ਸਪਲਾਈ ਮਹਿਕਮੇ ਵਿੱਚ ਇੱਕ ਨਵੀਂ ਸੋਚ ਦਿੱਤੀ ਅਤੇ ਪ੍ਰਤੀਭਾਗੀਆਂ ਵੱਲੋਂ ਇਹ ਮੰਨਿਆ ਗਿਆ ਕਿ ਇਸ ਤਰ੍ਹਾਂ ਦੇ ਟ੍ਰੇਨਿੰਗ ਪ੍ਰੋਗਰਾਮ ਲਗਾਤਾਰ ਛੋਟੇ ਸਮੂਹਾਂ ਵਿੱਚ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਉਨ੍ਹਾਂ ਦਾ ਹੌਸਲਾ ਅਤੇ ਜੋਸ਼ ਕਾਇਮ ਰਹੇ ਅਤੇ ਸਿੱਖੀਆਂ ਗਈਆਂ ਗੱਲਾਂ ਨੂੰ ਵਿਵਹਾਰ ਵਿੱਚ ਲਾਗੂ ਕਰਨ। ਇਹ ਮੰਨਿਆ ਜਾ ਰਿਹਾ ਹੈ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਮਹਿਕਮੇ ਵਿੱਚ ਮੀਲ ਪੱਥਰ ਸਾਬਿਤ ਹੋਣਗੇ। ਇਸ ਦੇ ਨਾਲ-ਨਾਲ ਹੀ ਮਹਿਕਮੇ ਦੀ ਕੰਮ ਕਰਨ ਦੀ ਸਮਰਥਾ ਵਿੱਚ ਵੀ ਵਾਧਾ ਹੋਵੇਗਾ। ਵਰਕਸ਼ਾਪਾਂ ਵਿੱਚ ਲਏ ਗਏ ਸੁਝਾਓ ਅਤੇ ਅਨੁਭਵ ਨੂੰ ਮਹਿਕਮੇ ਦੇ ਉੱਚ ਅਧਿਕਾਰੀਆਂ ਵੱਲੋਂ ਮੁੱਖ ਤਰਜੀਹ ਦਿੱਤੀ ਜਾਵੇਗੀ ਤਾਂ ਜੋ ਸਵੈਪ ਅਪਰੋਚ ਨੂੰ ਪਿੰਡਾਂ ਵਿੱਚ ਸਫਲਤਾਪੂਰਵਕ ਲਾਗੂ ਕੀਤਾ ਜਾ ਸਕੇ।

ਮਾੜਾ ਪਾਣੀ ਮੌਤ ਨੂੰ ਸੱਦਾ, ਨਿਰਮਲ ਜਲ ਖੁਸ਼ੀਆਂ ਬੱਧਾ

# ਦਬੁਰਜੀ ਪਿੰਡ ਦੀ ਜਲ ਸਪਲਾਈ ਸਕੀਮ ਬੁਲੰਦੀਆਂ 'ਤੇ

ਪਿੰਡ ਦਬੁਰਜੀ, ਜਿਲਾ ਹੁਸ਼ਿਆਰਪੁਰ, ਟਾਂਡਾ ਤੋਂ 6 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਪਿੰਡ ਦੀ ਮੌਜੂਦਾ ਆਬਾਦੀ 789 ਹੈ। ਇਸ ਪਿੰਡ ਵਿੱਚ 158 ਘਰ ਹਨ ਅਤੇ ਇਹ ਬੇਟ ਏਰੀਏ ਵਿੱਚ ਪੈਂਦਾ ਹੈ। ਇਹ ਪਿੰਡ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਚਲਾਈ ਜਾ ਰਹੀ ਨਿਰਮਲ ਜਲ ਸਕੀਮ ਅਧੀਨ ਮਾਡਲ ਪਿੰਡ ਵਿੱਚ ਵੀ ਸ਼ਾਮਿਲ ਹੈ। ਪਿੰਡ ਵਿੱਚ ਪਹਿਲਾਂ ਕੋਈ ਸ਼ੁੱਧ ਜਲ ਸਪਲਾਈ ਦੀ ਵਿਵਸਥਾ ਨਹੀਂ ਸੀ।

**ਪਹਿਲ ਕਦਮੀ :-**

ਸਾਲ 2006-07 ਵਿੱਚ ਪਿੰਡ ਦੀ ਪੰਚਾਇਤ ਵੱਲੋਂ ਵਿਸ਼ਵ ਬੈਂਕ ਅਧੀਨ ਜਲ ਸਪਲਾਈ ਸਕੀਮ ਲਗਾਉਣ ਲਈ ਹੁੰਗਾਰਾ ਭਰਦੇ ਹੋਏ ਇਕ ਮਤਾ ਪਾਸ ਕੀਤਾ ਗਿਆ। ਪਿੰਡ ਦਾ ਲਾਭਪਾਤਰੀ ਹਿੱਸਾ 1.24 ਲੱਖ ਰੁਪਏ ਬਣਦਾ ਸੀ। ਜਿਲਾ ਪ੍ਰੋਗਰਾਮ ਮੈਨਜਮੈਂਟ ਸੈੱਲ ਹੁਸ਼ਿਆਰਪੁਰ ਵੱਲੋਂ ਲਗਾਤਾਰ ਲੋਕਾਂ ਨਾਲ ਰਾਬਤਾ ਕਾਇਮ ਕਰਕੇ ਅਤੇ ਹੋਰ ਆਈ.ਈ.ਸੀ. ਗਤੀ- ਵਿਧੀਆਂ ਕਰਕੇ ਲੋਕਾਂ ਤੋਂ ਆਪਣਾ ਬਣਦਾ ਲਾਭਪਾਤਰੀ ਹਿੱਸਾ ਇੱਕਠਾ ਕੀਤਾ ਗਿਆ।

ਵਿਭਾਗ ਵੱਲੋਂ ਵੱਖ- ਵੱਖ ਮੀਟਿੰਗਾਂ ਦੌਰਾਨ ਪਿੰਡ ਦੇ ਨਲਕਿਆ ਅਤੇ ਪ੍ਰਾਈਵੇਟ ਟਿਊਬਵੈੱਲਾਂ ਦੇ ਪਾਣੀ ਦੇ ਨਮੂਨੇ ਜਾਂਚ ਕੀਤੇ ਗਏ ਅਤੇ ਲੋਕਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਕਮੇਟੀ ਨੂੰ ਫਾਇਨੈਂਸ ਮੈਨਜਮੈਂਟ ਦੀ ਟ੍ਰੇਨਿੰਗ ਦਿੱਤੀ ਗਈ ਅਤੇ ਐਕਸਪੋਜ਼ਰ ਵਿਜ਼ਟ ਵੀ ਕਰਵਾਇਆ ਗਿਆ।

**ਜਲ ਸਪਲਾਈ ਸਕੀਮ ਦੀ ਉਸਾਰੀ:-**

ਜਲ ਸਪਲਾਈ ਸਕੀਮ ਦੀ ਉਸਾਰੀ ਲਈ ਪੰਜਾਬ ਸਰਕਾਰ ਵੱਲੋਂ 20.52 ਲੱਖ ਦਾ ਅਨੁਮਾਨਿਤ ਤਖਮੀਨਾ ਮਨਜ਼ੂਰ ਕੀਤਾ ਗਿਆ ਅਤੇ ਸਕੀਮ ਦੀ ਉਸਾਰੀ ਲਈ ਪਿੰਡ ਵਾਸੀਆਂ ਨੇ ਆਪਣੀ ਦੇਖ-ਰੇਖ ਹੇਠ ਠੇਕੇਦਾਰ ਤੋਂ ਕੰਮ ਮੁਕੰਮਲ ਕਰਵਾਇਆ। ਪਿੰਡ ਵਾਸੀਆਂ ਨੇ ਸਾਮਾਨ ਦੀ ਕੁਆਲਟੀ ਨੂੰ ਚੰਗੀ ਤਰ੍ਹਾਂ ਪਰਖਿਆ ਅਤੇ ਪਿੰਡ ਦੀ ਕਮੇਟੀ ਨੇ ਚੰਗੀ ਕੁਆਲਟੀ ਦੀਆਂ ਪਾਇਪਾਂ ਅਤੇ ਸੀਮੇਂਟ ਆਦਿ ਨਾਲ ਸਕੀਮ ਨੂੰ ਮੁਕੰਮਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਅੱਜ ਪਿੰਡ ਵਾਸੀ ਸਿਲਵਰ ਆਇਓਨਾਈਜੇਸ਼ਨ ਪਲਾਂਟ ਦੀ ਮਦਦ ਨਾਲ ਜੀਵਾਣੂ ਰਹਿਤ ਕੀਤੇ ਹੋਏ ਪਾਣੀ ਦੀ ਵਰਤੋਂ ਕਰ ਰਹੇ ਹਨ ਅਤੇ ਪਿੰਡ ਵਿੱਚ ਜ਼ਰੂਰਤ ਅਨੁਸਾਰ ਦਿਨ ਵਿੱਚ 3 ਵਾਰ ਭਰਪੂਰ ਮਾਤਰਾ ਵਿੱਚ ਕਮੇਟੀ ਵੱਲੋਂ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ।

ਜਿਲਾ ਪ੍ਰੋਗਰਾਮ ਮੈਨਜਮੈਂਟ ਸੈੱਲ ਦੇ ਇਹਨਾਂ ਸਾਰੇ ਉਪਰਾਲਿਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਸਦਕਾ ਪੰਜਾਬ ਸਰਕਾਰ ਦੇ ਉਪ ਮੁੱਖ ਮੰਤਰੀ ਸ਼੍ਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ, ਜ਼ਿਲ੍ਹਾ ਹੁਸ਼ਿਆਰਪੁਰ ਦੇ ਦਬੁਰਜੀ ਪਿੰਡ ਦੀ ਸਕੀਮ ਨੂੰ ਜ਼ਿਲੇ ਪੱਧਰ ਤੇ 30,000 ਰੁਪਏ ਦਾ ਪਹਿਲਾ ਇਨਾਮ ਦਿੱਤਾ ਗਿਆ।

**ਵਿਸ਼ਵ ਬੈਂਕ ਦੀ ਟੀਮ ਦਾ ਦੌਰਾ:-**

ਸਤੰਬਰ 2008 ਨੂੰ ਵਿਸ਼ਵ ਬੈਂਕ ਟੀਮ ਦੇ ਪ੍ਰਤੀਨਿੱਧ ਸ਼੍ਰੀ ਪਿਊਸ਼ ਡੋਗਰਾ ਅਤੇ ਸ਼੍ਰੀਨਿਵਾਸ ਰਾਉ ਜੀ ਦੁਆਰਾ ਪਿੰਡ ਦਾ ਦੌਰਾ ਕੀਤਾ ਗਿਆ ਅਤੇ ਉਨ੍ਹਾਂ ਨੇ ਪਿੰਡ ਦੀ ਕਮੇਟੀ ਵੱਲੋਂ ਕੀਤੇ ਉਪਰਾਲਿਆਂ ਨੂੰ ਸਰਾਹਿਆ।

**ਸਕੀਮ ਦੀ ਨਿਰਭਰਤਾ:-**

ਕਮੇਟੀ ਦੇ ਚੇਅਰਮੈਨ ਸ੍ਰੀ ਸੂਰਤ ਸਿੰਘ ਜੀ ਅਤੇ ਸੈਕਟਰੀ ਦਰਗਾਹ ਸਿੰਘ ਜੀ ਪੜ੍ਹੇ ਲਿਖੇ ਅਗਾਂਹ ਵਧੂ ਅਤੇ ਸੂਝਵਾਨ ਇਨਸਾਨ ਹਨ ਉਹਨਾਂ ਵੱਲੋਂ ਸਕੀਮ ਦੀ ਉਸਾਰੀ ਤੋਂ ਬਾਦ ਸਕੀਮ ਦੀ ਦੇਖਭਾਲ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਕਮੇਟੀ ਵੱਲੋਂ ਸਕੀਮ ਦੇ ਖਰਚਿਆਂ ਦਾ ਸਾਰਾ ਹਿਸਾਬ-ਕਿਤਾਬ ਆਪਣੀ ਦੇਖ-ਰੇਖ ਵਿੱਚ ਰਖਿਆ ਜਾਂਦਾ ਹੈ। ਸਕੀਮ ਦਾ ਰਿਕਾਰਡ ਜਿਵੇਂ ਕਿ ਅਕਾਂਊਟ ਬੁੱਕ, ਲੈਜਰ ਬੁੱਕ, ਰਸੀਦ ਬੁੱਕ ਆਦਿ ਬੜ੍ਹੇ ਸੁਚੱਜੇ ਢੰਗ ਨਾਲ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਪਿੰਡ ਦੇ ਲੋਕਾਂ ਵਿੱਚ ਪਾਰਦਰਸ਼ਤਾ ਬਣੀ ਰਹੇ।

ਹੁਣ ਤੱਕ ਕਮੇਟੀ ਵੱਲੋਂ ਕੁੱਲ 158 ਘਰਾਂ ਵਿੱਚੋਂ 156 ਘਰਾਂ ਵਿੱਚ ਕੁਨੈਕਸ਼ਨ ਲਗਾਏ ਜਾ ਚੁੱਕੇ ਹਨ ਜੋ ਕਿ 98 ਪ੍ਰਤੀਸ਼ਤ ਘਰਾਂ ਨੂੰ ਕਵਰ ਕਰਦੇ ਹਨ। ਕਮੇਟੀ ਵੱਲੋਂ 40 ਰੁਪਏ ਪ੍ਰਤੀ ਮਹੀਨਾ ਬਿੱਲ ਨਿਸ਼ਚਿਤ ਕੀਤਾ ਗਿਆ ਹੈ। ਇਨ੍ਹਾਂ ਕੁਨੈਕਸ਼ਨਾਂ ਦੀ ਮਹੀਨਾਵਾਰ ਆਮਦਨ 6240 ਰੁਪਏ ਹੈ। ਸਕੀਮ ਦਾ ਮਹੀਨਾਵਾਰ ਖਰਚਾ ਤਕਰੀਬਨ 4240 ਰੁਪਏ ਹੈ। ਕਮੇਟੀ ਵੱਲੋਂ ਹਰ ਮਹੀਨੇ 2000 ਰੁਪਏ ਦੀ ਬੱਚਤ ਕੀਤੀ ਜਾਂਦੀ ਹੈ। ਜੂਨ 2010 ਤੱਕ ਕਮੇਟੀ ਦੇ ਖਾਤੇ ਵਿੱਚ 1,40,000 ਰੁਪਏ ਜਮ੍ਹਾਂ ਹਨ, ਜਿਸ ਵਿੱਚ ਕਿ ਕਮੇਟੀ ਵੱਲੋਂ ਇੱਕਠੀ ਕੀਤੀ ਗਈ ਕੁਨੈਕਸ਼ਨ ਫੀਸ, ਮਹੀਨਾਵਾਰ ਇੱਕਠੇ ਕੀਤੇ ਗਏ ਬਿੱਲ ਦੀ ਆਮਦਨ ਤੋਂ ਹੋਣ ਵਾਲੀ ਬੱਚਤ ਅਤੇ ਜਿਲੇ ਪੱਧਰ ਤੇ ਮਿਲੇ 30,000 ਰੁਪਏ ਇਨਾਮ ਵਾਲੀ ਰਾਸ਼ੀ ਵੀ ਸ਼ਾਮਿਲ ਹੈ।

ਦਬੁਰਜੀ ਦੀ ਜਲ ਸਪਲਾਈ ਸਕੀਮ ਤੋਂ ਪ੍ਰੇਰਿਤ ਹੋ ਕੇ ਇਲਾਕੇ ਦੇ ਨਾਲ ਲਗਦੇ ਪਿੰਡ ਵੀ ਜਲ ਸਪਲਾਈ ਸਕੀਮ ਨੂੰ ਅਪਨਾਉਣ ਲਈ ਅੱਗੇ ਆ ਰਹੇ ਹਨ।



ਮਹਿਕਮੇ ਦੇ ਅਧਿਕਾਰੀ ਪਿੰਡ ਵਾਸੀਆਂ ਨੂੰ ਸਕੀਮ ਦੀ ਜਾਣਕਾਰੀ ਦਿੰਦੇ ਹੋਏ

## ਸ਼ਲਾਘਾਯੋਗ ਨਵੀਂ ਨੀਤੀ ਲਾਗੂ



ਜਲ ਸਪਲਾਈ ਵਿਭਾਗ, ਪੰਜਾਬ ਸਰਕਾਰ ਵੱਲੋਂ ਇੱਕ ਮਹੱਤਵਪੂਰਨ ਅਤੇ ਸ਼ਲਾਘਾਯੋਗ ਕਦਮ ਚੁੱਕਿਆ ਗਿਆ ਹੈ, ਜਿਸਦੇ ਅਧੀਨ 1 ਜੁਲਾਈ 2010 ਤੋਂ ਜਿਹੜੀਆਂ ਵੀ ਜਲ ਸਪਲਾਈ ਸਕੀਮਾਂ ਉਸਾਰੀਆਂ ਜਾ ਰਹੀਆਂ ਹਨ, ਉਹਨਾਂ ਵਿੱਚ ਲੋਕਾਂ ਦੀ ਸਹਿਭਾਗਿਤਾ ਨੂੰ ਲਾਜ਼ਮੀ ਬਣਾਇਆ ਗਿਆ ਹੈ। ਇਹ ਨੀਤੀਗਤ ਕਦਮ ਵਿਕੇਂਦਰੀਕਰਨ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਸਹੀ ਅਤੇ ਉੱਚਿਤ ਸਿੱਧ ਹੋਵੇਗਾ ਕਿਉਂਕਿ ਜਲ ਸਪਲਾਈ ਸਕੀਮਾਂ ਪਿੰਡ ਵਾਸੀਆਂ ਦੀ ਮੰਗ/ਲੋੜ ਦੇ ਅਨੁਰੂਪ ਹੋਣਗੀਆਂ। ਕੀਤੇ ਗਏ ਉਪਬੰਧਾਂ ਅਨੁਸਾਰ, ਪਿੰਡ ਵਾਸੀ ਸਕੀਮਾਂ ਦੀ ਵਿਉਂਤਬੰਦੀ ਮਹਿਕਮੇ ਦੇ ਅਧਿਕਾਰੀਆਂ ਦੇ ਸੰਪੂਰਨ ਸਹਿਯੋਗ ਅਤੇ ਨਿਰੰਤਰ ਮਾਰਗ-ਦਰਸ਼ਨ ਵਿੱਚ, ਖ਼ੁਦ ਕਰਨਗੇ ਅਤੇ ਇਹਨਾਂ ਉਸਾਰੀਆਂ ਗਈਆਂ ਸਕੀਮਾਂ ਵਿੱਚ ਉਹਨਾਂ ਦੀ ਪੂਰੀ ਸ਼ਮੂਲੀਅਤ ਹੋਵੇਗੀ। ਰੱਖ-ਰਖਾਵ ਵੀ ਉਹਨਾਂ ਦੇ ਹੱਥਾਂ ਵਿੱਚ ਹੋਵੇਗਾ ਤਾਂ ਜੋ ਪਿੰਡ ਵਾਸੀਆਂ ਨੂੰ ਲੋੜ ਅਨੁਸਾਰ ਸ਼ੁੱਧ ਅਤੇ ਸਾਫ਼ ਜਲ ਉਪਲੱਬਧ ਕਰਵਾਇਆ ਜਾ ਸਕੇ।

ਮਹਿਕਮੇ ਵੱਲੋਂ ਲੜੀਵਾਰ ਟ੍ਰੇਨਿੰਗਾਂ ਰਾਹੀਂ ਅਧਿਕਾਰੀਆਂ ਵਿੱਚ ਅਹਿਮ ਖ਼ਤਮ ਕਰਨ, ਉਹਨਾਂ ਦੀ ਮਾਨਸਿਕਤਾ ਬਦਲਣ, ਉੱਚਿਤ ਤਾਲਮੇਲ ਬਣਾਉਣ, ਸੇਵਾ ਭਾਵ ਪੈਦਾ ਕਰਨ, ਲੋਕਾਂ ਦੀ ਭਾਗੀਦਾਰੀ ਨੂੰ ਪੱਕਿਆਂ ਕਰਨ, ਸੰਚਾਰ ਵਿਵਸਥਾ ਨੂੰ ਮਜਬੂਤ ਬਣਾਉਣ, ਲੋਕਾਂ ਨਾਲ ਸਿੱਧਾ ਸੰਪਰਕ ਪੈਦਾ ਕਰਨ, ਪ੍ਰਭਾਵਸ਼ੀਲਤਾ ਅਤੇ ਪਾਰਦਰਸ਼ਤਾ ਸਥਾਪਿਤ ਕਰਨ ਦੀ ਪੁਰ ਜ਼ੋਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਅਧਿਕਾਰੀਆਂ ਨੂੰ ਨਵੀਨਤਾ ਲਿਆਉਣ ਅਤੇ ਤਕਨੀਕੀ ਪਹਿਲੂਆਂ ਤੋਂ ਜਾਣੂ ਕਰਵਾਉਣ ਬਾਰੇ ਜਾਣਕਾਰੀਆਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਨਿਰਧਾਰਿਤ ਕੀਤੇ ਗਏ ਉਦੇਸ਼ਾਂ ਨੂੰ ਸਮੇਂਬੱਧ ਤਰੀਕੇ ਨਾਲ ਪੂਰਾ ਕੀਤਾ ਜਾ ਸਕੇ।

ਮੈਨੂੰ ਪੂਰੀ ਉਮੀਦ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਸਾਰੇ ਪੰਜਾਬ ਵਿੱਚ ਸਾਫ਼-ਸੁਥਰੀ ਜਲ ਸਪਲਾਈ ਅਤੇ ਸੈਨੀਟੇਸ਼ਨ ਦਾ ਪ੍ਰਭਾਵਸ਼ਾਲੀ ਪ੍ਰਬੰਧ ਲੋਕਾਂ ਦੁਆਰਾ ਆਪ ਕੀਤਾ ਜਾਵੇਗਾ ਅਤੇ ਸਰਕਾਰ ਤੇ ਹਮੇਸ਼ਾ ਨਿਰਭਰ ਰਹਿਣ ਦੀ ਆਦਤ ਤੋਂ ਛੁਟਕਾਰਾ ਮਿਲੇਗਾ। ਕੀਤੇ ਗਏ ਉਪਰਾਲੇ ਲਈ ਵਿਭਾਗ ਵਧਾਈ ਦਾ ਪਾਤਰ ਹੈ।

**ਡਾ. ਮਹਿੰਦਰ ਸਿੰਘ**, ਪ੍ਰੋਫੈਸਰ, ਕੁਰੁਕਸ਼ੇਤਰ ਯੂਨੀਵਰਸਿਟੀ

ਜਲ ਯੋਜਨਾ ਦੇ ਪਾਣੀ ਦੀ ਸਪਲਾਈ ਸਬੰਧੀ ਸਮੱਸਿਆਵਾਂ ਘਰ ਬੈਠੇ ਨੋਟ ਕਰਾਉ

ਪੀਣ ਵਾਲੇ ਪਾਣੀ ਦੀਆਂ ਸ਼ਿਕਾਇਤਾਂ ਸਬੰਧੀ ਸੰਪਰਕ ਕਰੋ
ਟੋਲ ਫ੍ਰੀ ਨੰਬਰ
1800-180-2468
ਸ਼ਿਕਾਇਤ ਨਿਵਾਰਣ ਕੇਂਦਰ, ਵਾਟਰ ਵਰਕਸ ਫੇਜ਼-2, ਐਸ.ਏ ਐਸ.ਨਗਰ

24
24 ਘੰਟੇ ਸ਼ਿਕਾਇਤਾਂ ਦਰਜ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ

ਸਟੇਟ ਪ੍ਰੋਗਰਾਮ ਮੈਨੇਜਮੈਂਟ ਸੈੱਲ
ਵਾਟਰ ਵਰਕਸ ਕੰਪਲੈਕਸ,
ਫੇਜ਼ 2, ਐਸ.ਏ.ਐਸ. ਨਗਰ
(ਮੁਹਾਲੀ), ਪੰਜਾਬ
ਫ਼ੋਨ : 0172-4330316, 4330317

Website:
www.wbprwssproject.org

email:
spsspmc@gmail.com



Design and Printed by: Azad Offset Printer (P) Ltd. Chd. (0172) 2652349, 2651396